## ਦਫ਼ਤਰ ਸਿਵਲ ਜੱਜ ਸੀਨੀਅਰ ਡਵੀਜਨ, ਪਟਿਆਲਾ

# ਨਿਲਾਮੀ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੂਡੀਸ਼ੀਅਲ ਕੋਰਟ ਕੰਪਲੈਕਸ, ਰਾਜਪੁਰਾ ਵਿਖੇ ਸਾਇਕਲ ਸਟੈਂਡ (ਪਾਰਕਿੰਗ) ਦਾ ਠੇਕਾ ਸਾਲ 2026-2027 (ਮਿਤੀ 16.09.2026 ਤੋਂ 31.03.2027 ਤੱਕ) ਲਈ ਨਿਲਾਮੀ ਕਰਨ ਲਈ ਖੁੱਲ੍ਹੀ ਬੋਲੀ ਮਿਤੀ 14.09.2026 ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਤੀ ਜਾਵੇਗੀ।

ਬੋਲੀ ਮਨਜ਼ੂਰ ਹੋਣ ਵਾਲੇ ਵਿਅਕਤੀ ਨੂੰ ਕੁੱਲ ਬੋਲੀ ਦਾ ¼ ਹਿੱਸਾ ਮੌਕੇ ਤੇ ਜਮਾਂ ਕਰਵਾਉਂਣਾ ਹੋਵੇਗਾ ਅਤੇ ਬਾਕੀ ਰਹਿੰਦੀ ਰਕਮ ਪ੍ਰਵਾਨਗੀ ਤੋਂ ਇਕ ਮਹੀਨੇ ਦੇ ਅੰਦਰ ਜਮਾਂ ਕਰਵਾਉਂਣੀ ਹੋਵੇਗੀ। ਬੋਲੀ ਦੀ ਫਾਇਨਲ ਪ੍ਰਵਾਨਗੀ ਮਾਨਯੋਗ ਜਿਲ੍ਹਾ ਅਤੇ ਸ਼ੈਸਨ ਜੱਜ, ਪਟਿਆਲਾ ਵੱਲੋਂ ਤਿੰਨ ਦਿਨਾਂ ਦੇ ਅੰਦਰ ਕੀਤੀ ਜਾਵੇਗੀ। ਬੋਲੀ ਦੀਆਂ ਸ਼ਰਤਾਂ ਮੋਕੇ ਤੇ ਦੱਸੀਆਂ ਜਾਣਗੀਆਂ ਜਾਂ ਨਿਮਨ ਲਿਖਤ ਹਸਤਾਖਰ ਦੇ ਦਫ਼ਤਰ ਵਿੱਚ ਅਤੇ ਪਟਿਆਲਾ ਕੋਰਟ ਦੀ ਵੈਬਸਾਇਟ ਤੇ ਵੇਖੀਆਂ ਜਾ ਸਕਦੀਆਂ ਹਨ। ਬੋਲੀ ਦੇਣ ਵਾਲੇ ਵਿਅਕਤੀ ਨੂੰ 15,000/- ਬਤੌਰ ਸਕਿਊਰਟੀ (ਮੌੜਨਯੋਗ) ਮੌਕੇ ਤੇ ਜਮ੍ਹਾਂ ਕਰਾਉਣੇ ਪੈਣਗੇ। ਕਿਸੇ ਵੀ ਸਾਬਕਾ ਠੇਕੇਦਾਰ ਜਿਸ ਵੱਲ ਸਰਕਾਰੀ ਬਕਾਇਆ ਹੋਵੇਗਾ, ਉਸ ਨੂੰ ਬੋਲੀ ਦੇਣ ਦਾ ਹੱਕ ਨਹੀ ਹੋਵੇਗਾ। ਉਕਤ ਦਿਤੇ ਹੋਏ ਸਮੇਂ ਤੇ ਜੋ ਕਿਸ਼ਤ ਜਮ੍ਹਾਂ ਨਹੀ ਕਰਵਾਏਗਾ, ਉਸਦਾ ਠੇਕਾ ਰੱਦ ਕਰ ਦਿੱਤਾ ਜਾਵੇਗਾ। ਠੇਕੇ ਦਾ ਵੇਰਵਾ ਹੇਠ ਲਿਖੇਂ ਅਨੁਸਾਰ ਹੈ:-

| ਲੜੀ ਨੰਬਰ | ਮਿਤੀ | ਸਮਾਂ | ਬੋਲੀ ਦਾ ਸਥਾਨ | ਜਿਸ ਦਾ ਠੇਕਾ ਮੰਗਿਆ ਹੈ | ਰਿਜ਼ਰਵ ਕੀਮਤ | ਵਿਸ਼ੇਸ਼ ਕਥਨ |
|---|---|---|---|---|---|---|
| 1 | 14.09.2026 | 3:00 | ਜਿਲ੍ਹਾ ਕਾਨੂੰਨੀ ਅਥਾਰਟੀ ਦੇ ਕਾਨਫਰੰਸ ਹਾਲ | ਸਾਇਕਲ ਸਟੈਂਡ, ਕੋਰਟ ਕੰਪਲੈਕਸ, ਰਾਜਪੁਰਾ। | 85,000/- | ਠੇਕੇ ਦੀ ਮਿਆਦ 16.09.2026 ਤੋਂ 31.03.2027 |

ਵਧੇਰੇ ਜਾਣਕਾਰੀ ਲਈ ਨਿਮਨ ਹਸਤਾਖਰੀ ਦੇ ਦਫ਼ਤਰ ਵਿੱਚ ਸੰਪਰਕ ਕਰ ਸਕਦੇ ਹੋ ਜਾਂ ecourts, Patiala ਦੀ ਵੈਬਸਾਇਟ ਤੇ ਦੇਖ ਸਕਦੇ ਹੋ।

ਮਿਤੀ: 25.08.2026

**ਸਹੀ/-**
ਸਿਵਲ ਜੱਜ, ਸੀਨੀਅਰ ਡਵੀਜਨ,
ਪਟਿਆਲਾ।

# **<u>ਬੋਲੀ ਦੀ ਸ਼ਰਤਾਂ (ਸਾਇਕਲ / ਪਾਰਕਿੰਗ ਸਟੈਂਡ)</u>**

1. ਹਰ ਬੋਲੀ ਦੇਣ ਵਾਲੇ ਵਿਅਕਤੀ ਨੂੰ ਬੋਲੀ ਦੇਣ ਤੋਂ ਪਹਿਲਾਂ ਆਪਣੀ ਰਿਹਾਇਸ਼ ਦਾ ਪੱਕਾ ਸਬੂਤ (ਵੋਟਰ ਸ਼ਨਾਖਤੀ ਕਾਰਡ / ਅਧਾਰ-ਕਾਰਡ) ਦੀ ਫੋਟੋ ਕਾਪੀ ਪੇਸ਼ ਕਰਨੀ ਹੋਵੇਗੀ।

2. ਸਭ ਤੋਂ ਵੱਧ ਬੋਲੀ ਦੇਣ ਵਾਲੇ ਵਿਅਕਤੀ ਦੇ ਨਾਮ ਤੇ ਬੋਲੀ ਪ੍ਰਵਾਨ ਕੀਤੀ ਜਾਵੇਗੀ ਅਤੇ ਬੋਲੀ ਦੀ ¼ ਰਕਮ ਮੌਕੇ ਤੇ ਹੀ ਵਸੂਲ ਕੀਤੀ ਜਾਵੇਗੀ। ਬੋਲੀ ਦੀ ਫਾਈਨਲ ਮੰਜੂਰੀ ਜਿਲ੍ਹਾ ਅਤੇ ਸੈਸ਼ਨ ਜੱਜ ਸਾਹਿਬ ਵਲੋਂ ਬੋਲੀ ਦੇ ਤਿੰਨ ਦਿਨਾਂ ਅੰਦਰ ਕੀਤੀ ਜਾਵੇਗੀ, ਬਕਾਇਆ ਰਹਿੰਦੀ ਰਕਮ ਬੋਲੀ ਦੇ ਇਕ ਮਹੀਨੇ ਅੰਦਰ ਜਮਾਂ ਕਰਾਉਣੀ ਹੋਵੇਗੀ।

3. ਇਹ ਠੇਕਾ ਕੇਵਲ ਇਕ ਸਾਲ ਭਾਵ ਮਿਤੀ 16.09.2026 ਤੋਂ 31.03.2027 ਤੱਕ ਦਾ ਹੋਵੇਗਾ, ਠੇਕੇ ਦਾ ਸਮਾਂ ਪੂਰਾ ਹੋਣ ਤੇ ਥਾਂ ਤੁਰੰਤ ਖਾਲੀ ਕਰਨੀ ਪਵੇਗੀ।

4. ਜਿਨ੍ਹਾਂ ਵਿਅਕਤੀਆਂ ਵੱਲ ਪਹਿਲਾ ਕਿਸੇ ਵੀ ਕਿਸਮ ਦੇ ਠੇਕੇ ਦੀ ਕੋਈ ਰਕਮ ਬਾਕੀ ਹੈ ਜਾਂ ਹੋਰ ਕੋਈ ਵਿਅਕਤੀ ਜਿਸ ਨੂੰ ਬੋਲੀ ਦੇਣ ਦੇ ਯੋਗ ਨਾ ਸਮਝਿਆ ਜਾਵੇ, ਉਹਨਾਂ ਨੂੰ ਬੋਲੀ ਦੇਣ ਦੀ ਆਗਿਆ ਨਹੀਂ ਦਿਤੀ ਜਾਵੇਗੀ।

5. ਠੇਕੇਦਾਰ ਨੂੰ ਦੂਜੇ ਵਿਅਕਤੀ ਦੇ ਨਾਮ ਤੇ ਠੇਕਾ ਸਬ-ਲੇਟ ਕਰਨ ਦਾ ਕੋਈ ਅਧਿਕਾਰ ਨਹੀਂ ਹੋਵੇਗਾ ਅਤੇ ਨਾ ਹੀ ਕਿਸੇ ਨੂੰ ਠੇਕੇ ਵਿਚ ਹਿਸੇਦਾਰ ਬਣਾਏਗਾ। ਜਿਨ੍ਹਾਂ ਵਿਅਕਤੀਆਂ ਵੱਲ ਠੇਕੇ ਦੀ ਕੋਈ ਰਕਮ ਬਾਕੀ ਹੈ, ਠੇਕੇਦਾਰ ਉਹਨਾਂ ਨੂੰ ਆਪਣੇ ਪਾਸ ਨੌਕਰ ਨਹੀਂ ਰੱਖੇਗਾ।

6. ਠੇਕੇਦਾਰ ਨੂੰ ਕੰਮ ਕਰਨ ਲਈ ਪਹਿਲਾਂ ਨਿਯਮਾਂ ਅਨੁਸਾਰ ਇਕਰਾਰਨਾਮਾ / ਜਮਾਨਤਨਾਮਾ ਦੇਣਾ ਪਵੇਗਾ।

7. ਠੇਕੇ ਵਾਲੀ ਥਾਂ ਤੇ ਠੇਕੇਦਾਰ ਵਲੋਂ ਕੋਈ ਉਸਾਰੀ / ਐਡੀਸ਼ਨਲ ਅਲਟ੍ਰੇਸ਼ਨ ਨਹੀਂ ਕੀਤੀ ਜਾਵੇਗੀ।

8. ਠੇਕੇ ਦੀ ਮਿਆਦ ਪੂਰੀ ਹੋਣ ਤੇ ਕਬਜਾ ਤੁਰੰਤ ਵਾਪਿਸ ਕਰਨਾ ਪਵੇਗਾ।

9. ਜਗ੍ਹਾ ਦੀ ਸਾਫ ਸਫਾਈ ਯਕੀਨੀ ਬਣਾਉਣੀ ਪਵੇਗੀ।

10. ਸਾਇਕਲ ਸਟੈਂਡ / ਪਾਰਕਿੰਗ ਦਾ ਠੇਕੇਦਾਰ ਆਮ ਪਬਲਿਕ ਤੋਂ ਸਾਇਕਲ 5/-, ਸਕੂਟਰ/ਮੋਟਰ ਸਾਇਕਲ 15/-, ਅਤੇ ਚਾਰ ਪਹਿਆ ਵਾਹਨ 30/- ਆਦਿ ਦਿਤੇ ਰੇਟ ਮੁਤਾਬਿਕ ਰੇਟ ਵਸੂਲ ਕਰੇਗਾ। **<u>ਇਹ ਰੇਟ ਲਿਸਟ ਠੇਕੇਦਾਰ ਆਪਣੇ ਸਟੈਂਡ ਤੇ ਲੱਗਾ ਕੇ ਰੱਖੇਗਾ</u>।**

11. ਠੇਕੇਦਾਰ ਆਮ ਜਨਤਾ ਦੀ ਜਾਣਕਾਰੀ ਲਈ ਦਫਤਰ ਵਲੋਂ ਨਿਰਧਾਰਿਤ / ਫਿਕਸ ਕੀਤੇ ਰੇਟਾਂ ਦੀ ਸੂਚੀ ਲਗਾਕੇ ਰੱਖੇਗਾ ਅਤੇ ਆਮ ਜਨਤਾ ਨਾਲ ਦੁਰ-ਵਿਵਹਾਰ ਕਰਨ ਜਾਂ ਨੀਯਤ ਰੇਟਾਂ ਨਾਲੋਂ ਵੱਧ ਪੈਸੇ ਵਸੂਲਣ ਤੇ ਠੇਕਾ ਕੈਂਸਲ ਕੀਤਾ ਜਾ ਸਕਦਾ ਹੈ।

12. ਠੇਕੇਦਾਰ ਜਿਲ੍ਹਾਂ ਪ੍ਰਬੰਧਕੀ ਕੰਪਲੈਕਸ ਅੰਦਰ ਆਏ ਐਮ.ਪੀ, ਐਮ.ਐਲ.ਏ, ਮੇਅਰ ਸਾਹਿਬਾਨ, ਮੈਂਬਰ ਜਿਲ੍ਹਾਂ ਪ੍ਰੀਸ਼ਦ, ਮੈਂਬਰ ਪੰਚਾਇਤ ਸੰਮਤੀ, ਮਿਉਸਿਪਲ ਕੌਂਸਲਰ, ਫਰੀਡਮ ਫਾਇਟਰ, ਸਰਕਾਰੀ ਕਰਮਚਾਰੀ, ਅਧਿਕਾਰੀ, ਸੁਵਿਧਾ ਸੈਂਟਰ ਦੇ ਕਰਮਚਾਰੀ, ਸਰਪੰਚ ਅਤੇ ਨੰਬਰਦਾਰ ਜੋ ਆਪਣਾ ਆਈ-ਕਾਰਡ ਦਿਖਾਉਂਦੇ ਹਨ ਉਨ੍ਹਾਂ ਪਾਸੋ ਵਹੀਕਲ ਖੜੇ ਕਰਨ ਦੀ ਪਾਰਕਿੰਗ ਫੀਸ ਵਸੂਲ ਨਹੀ ਕਰੇਗਾ।

13. ਠੇਕੇਦਾਰ ਵਲੋਂ ਸ਼ਰਤਾਂ ਦੀ ਉਲੰਗਣਾ ਕਰਨ ਤੇ ਅਤੇ ਆਮ ਪਬਲਿਕ ਨਾਲ ਕਿਸੇ ਦੁਰਵਿਹਾਰ ਕਰਨ ਤੇ ਪਹਿਲੀ ਵਾਰ 2000/- ਰੁਪਏ, ਦੂਜੀ ਵਾਰ 3000/- ਰੁਪਏ, ਤੀਜੀ ਵਾਰ 5000/- ਰੁਪਏ ਜੁਰਮਾਨਾ ਕੀਤਾ ਜਾਵੇਗਾ। ਜੋ ਠੇਕੇਦਾਰ

ਤੁਰੰਤ ਦਫਤਰ ਵਿਚ ਕਰਵਾਏਗਾ ਜੇਕਰ ਫਿਰ ਵੀ ਬਾਜ ਨਹੀਂ ਆਉਂਦਾ ਤਾਂ ਠੇਕਾ ਮਨਸੂੱਖ ਵੀ ਕੀਤਾ ਜਾਵੇਗਾ ਅਤੇ ਸਕਿਉਰਿਟੀ ਦੀ ਰਕਮ ਜਬਤ ਕੀਤੀ ਜਾਵੇਗੀ ਅਤੇ ਠੇਕਾ ਨਵੇਂ ਸਿਰੇ ਤੋਂ ਬੋਲੀ ਤੇ ਦਿੱਤੋ ਜਾਵੇਗਾ।

14. ਸਾਇਕਲ ਸਟੈਂਡ/ਪਾਰਕਿੰਗ ਦੇ ਠੇਕਾ ਪ੍ਰਾਪਤ ਕਾਰਨ ਵਾਲੇ ਠੇਕੇਦਾਰ ਦੀ ਨਿਜੀ ਜਿੰਮੇਵਾਰੀ ਹੋਵੇਗੀ ਕੇ ਜੋ ਸਾਇਕਲ/ਸਕੂਟਰ-ਮੋਟਰ ਸਾਇਕਲ ਚੌਰੀ ਹੁੰਦੀ ਹੈ ਤਾਂ ਉਸਦੀ ਭਰਪਾਈ ਠੇਕੇਦਾਰ ਵਲੋਂ ਕੀਤੀ ਜਾਵੇਗੀ ਅਤੇ ਗੁੰਮ ਹੋਣ ਵਾਲੇ ਵਹੀਕਲਾਂ ਦਾ ਜਿੰਮੇਵਾਰੀ ਸਬੰਧਤ ਠੇਕੇਦਾਰ ਹੋਵੇਗਾ।

15. ਠੇਕੇਦਾਰ ਵਲੋਂ ਅਪਣੇ ਪੱਧਰ ਤੇ ਪਾਰਕਿੰਗ ਸਥਾਨ ਵਿੱਚ ਦੋ ਦਿਨਾਂ ਤੋ ਵੱਧ ਸਮੇਂ ਤੱਕ ਲਵਾਰੀਸ ਕਿਸੇ ਵੀ ਵਾਹਣ ਦੇ ਪਏ ਹੋਣ ਦੀ ਸੂਰਤ ਵਿੱਚ ਅਗਲੇਰੀ ਲੋੜੀਂਦੀ ਕਾਰਵਾਈ ਲਈ ਮਾਮਲੇ ਦੀ ਰਿਪੋਰਟ ਦਫ਼ਤਰ ਪਾਸ ਦਿੱਤੀ ਜਾਵੇ।

16. ਠੇਕੇਦਾਰ ਸਰਕਾਰ ਵਲੋਂ ਤਹਿਸ਼ੁੱਧਾ ਉਮਰ ਤੋਂ ਘੱਟ ਉਮਰ ਵਾਲੇ ਕਿਸੇ ਵੀ ਵਿਅਕਤੀ ਨੂੰ ਨੌਕਰੀ/ਕੰਮ ਤੇ ਨਹੀਂ ਰੱਖੇਗਾ ਅਤੇ ਤੰਦਰੁਸਤ ਅਤੇ ਸਿਹਤਮੰਦ ਕਾਮੇ ਹੀ ਕੰਮ ਤੇ ਰਖੇਗਾ। ਨਾ ਪਾਲਣਾ ਕਰਨ ਤੇ ਉਹ ਕਾਨੂੰਨੀ ਕਾਰਵਾਈ ਦਾ ਖ਼ੁੱਦ ਜਿੰਮੇਵਾਰ ਹੋਵੇਗਾ।

17. ਠੇਕੇਦਾਰ ਵੱਲੋਂ ਆਮ ਜਨਤਾ ਨੂੰ ਦੇਣ ਵਾਲੀਆਂ ਪਰਚੀਆਂ Printed ਹੋਣੀਆਂ ਚਾਹੀਦੀਆਂ ਹਨ, ਜਿਸ ਤੇ ਪਾਰਕਿੰਗ ਰੇਟ ਛਪਵਾਉਣੇ ਲਾਜ਼ਮੀ ਹੋਣਗੇ।

18. ਠੇਕੇਦਾਰ ਜਾਂ ਉਸ ਵੱਲੋਂ ਰੱਖੇ ਕਾਮੇ ਵੱਲੋਂ ਪਰਚੀਆਂ ਦਾ ਕੂੜਾ-ਕਰਕਟ, ਲਫਾਫੇ ਅਤੇ ਹੋਰ ਫਾਲਤੂ ਸਮਾਨ ਮਿੰਨੀ ਸਕੱਤਰੇਤ, ਪਟਿਆਲਾ ਦੇ ਅੰਦਰ ਨਹੀ ਸੁੱਟਿਆ ਜਾਵੇਗਾ, ਜੇਕਰ ਉਸ ਵੱਲੋਂ ਅਜਿਹਾ ਕੀਤਾ ਜਾਂਦਾ ਹੈ ਅਤੇ ਸ਼ਰਤ ਅਨੁਸਾਰ ਜੁਰਮਾਨਾ ਲਾਇਆ ਜਾਵੇਗਾ ।

19. ਇਹ ਕਿ ਠੇਕੇਦਾਰ ਵੱਲੋਂ ਕਿਸੇ ਵੀ ਬਾਹਰਲੇ ਵਿਅਕਤੀ, ਆਪਣੇ ਰੱਖੇ ਕਰਿੰਦੇ ਜਾਂ ਇਸ ਤੋਂ ਇਲਾਵਾ ਕਿਸੇ ਨਾਲ ਕਿਸੇ ਵੀ ਪ੍ਰਕਾਰ ਦਾ ਝਗੜਾ ਨਹੀਂ ਕੀਤਾ ਜਾਵੇਗਾ। ਜੇਕਰ ਅਜਿਹਾ ਝਗੜਾ ਕੀਤਾ ਜਾਂਦਾ ਹੈ ਜਾਂ ਉਸ ਵੱਲੋਂ ਆਪਣੇ ਰੱਖੇ ਕਰਿੰਦਿਆ/ਵਰਕਰਾਂ ਨੂੰ ਵੇਜਿਜ ਆਦਿ ਨਹੀ ਦਿੱਤੇ ਜਾਂਦੇ ਤਾਂ ਇਸ ਸਬੰਧੀ ਹਰੇਕ ਪੱਖ ਤੋਂ ਜਿਵੇ ਕਿ ਕੋਰਟ ਕੇਸ, ਪੁਲਿਸ ਕੇਸ ਆਦਿ ਸਬੰਧੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ। ਉਸ ਵੱਲੋਂ ਕਿਸੇ ਵੀ ਲੇਬਰ ਲਾਅ ਦੀ ਉਲੰਘਣਾ ਨਹੀਂ ਕੀਤੀ ਜਾਵੇਗੀ।

20. ਇਹ ਕਿ ਉਕਤ ਕੰਮ ਕਰਦਿਆ ਕਿਸੇ ਵੀ ਪ੍ਰਕਾਰ ਦੇ ਹੋਣ ਵਾਲੇ ਜਾਨੀ ਅਤੇ ਮਾਲੀ ਨੁਕਸਾਨ ਦਾ ਠੇਕੇਦਾਰ ਖੁਦ ਜਿੰਮੇਵਾਰ ਹੋਵਾਗਾ।

21. ਉਕਤ ਸ਼ਰਤਾਂ ਵਿਚੋਂ ਕਿਸੇ ਵੀ ਇਕ ਸ਼ਰਤ ਦੀ ਉਲੰਗਣਾ ਕਰਨ ਤੇ ਠੇਕੇਦਾਰ ਖੁਦ ਜਿੰਮੇਵਾਰ ਹੋਵੇਗਾ, ਉਕਤ ਸ਼ਰਤਾਂ ਦੀ ਉਲੰਗਣਾ ਕਰਨ ਤੇ ਠੇਕੇਦਾਰ ਦੀ ਜਮਾ ਕੀਤੀ ਰਕਮ ਜਬਤ ਅਤੇ ਠੇਕਾ ਕੈਂਸਲ ਕੀਤਾ ਜਾਵੇਗਾ ਬਾਕੀ ਰਹਿੰਦੇ ਸਮੇ ਲਾਏ ਦੁਬਾਰਾ ਠੇਕਾ ਦਿੱਤਾ ਜਾਵੇਗਾ ਜਾਂ ਨਿਲਾਮੀ ਕੀਤੀ ਜਾਵੇਗੀ ਜਿਸ ਨੂੰ ਹੋਰ ਕੋਈ ਵੀ ਠੇਕੇਦਾਰ ਬੋਲੀ ਦੇ ਕੇ ਲੈ ਸਕੇਗਾ।

22. ਇਹ ਕਿ ਜਿਲ੍ਹਾ ਅਤੇ ਸੈਸ਼ਨ ਜੱਜ ਸਾਹਿਬ, ਪਟਿਆਲਾ ਨੂੰ ਕਿਸੇ ਵੀ ਸਮੇਂ ਠੇਕਾ ਬਿਨ੍ਹਾ ਕਾਰਨ ਦੱਸੇ ਰੱਦ ਕਰਨ ਦਾ ਪੂਰਾ ਅਧਿਕਾਰ ਹੋਵੇਗਾ। ਇਸ ਸਬੰਧੀ ਠੇਕੇਦਾਰ ਨੂੰ ਕੋਈ ਇਤਰਾਜ ਨਹੀ ਹੋਵੇਗਾ ਅਤੇ ਨਾ ਹੀ ਇਸ ਸਬੰਧੀ ਉਸ ਵੱਲੋਂ ਕੋਈ ਕੋਰਟ ਕੇਸ ਆਦਿ ਕੀਤਾ ਜਾਵੇਗਾ।

Sd/-
Auction Committee,
Sessions Division,
Patiala